# ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ

ਬਾਰੇ ਮਰੀਜ਼ਾਂ, ਰਿਸ਼ਤੇਦਾਰਾਂ ਅਤੇ ਦੇਖਭਾਲਕਰਤਾਵਾਂ ਲਈ ਜਾਣਕਾਰੀ

[Information for Patients, Relatives and Carers on The Prevention and Control of Infection - Punjabi]

ਮਰੀਜ਼ਾਂ, ਮੁਲਾਕਾਤੀਆਂ, ਅਤੇ ਸਟਾਫ ਲਈ ਇਨਫੈਕਸ਼ਨ ਦੇ ਜੋਖਮ ਨੂੰ ਘੱਟ ਤੋਂ ਘੱਟ ਕਰਨਾ NHS ਗ੍ਰੇਟਰ ਗਲਾਸਗੋ ਅਤੇ ਕਲਾਈਡ (NHSGGC) ਲਈ ਮੁੱਖ ਤਰਜੀਹ ਹੈ। ਇਹ ਕਿਤਾਬਚਾ ਤੁਹਾਨੂੰ ਇਹ ਦੱਸਦਾ ਹੈ ਕਿ ਅਸੀਂ ਇਸ ਬਾਰੇ ਕੀ ਕਰ ਰਹੇ ਹਾਂ, ਅਤੇ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ।

## ਸਮੱਸਿਆ ਕੀ ਹੈ?

ਸਿਹਤ-ਸੰਭਾਲ ਪ੍ਰਾਪਤ ਕਰਦੇ ਸਮੇਂ ਮਰੀਜ਼ਾਂ ਨੂੰ ਹੋਣ ਵਾਲੀ ਇਨਫੈਕਸ਼ਨ ਨੂੰ ਸਿਹਤ-ਸੰਭਾਲ ਨਾਲ ਸਬੰਧਤ ਲਾਗ (ਸਿਹਤ-ਸੰਭਾਲ ਐਸੋਸਿਏਟਡ ਇਨਫੈਕਸ਼ਨ - HAI) ਕਿਹਾ ਜਾਂਦਾ ਹੈ।

ਜ਼ਿਆਦਾਤਰ ਮਰੀਜ਼ਾਂ ਨੂੰ ਕਦੇ ਵੀ HAI ਨਹੀਂ ਹੋਵੇਗੀ ਪਰ ਇਸ ਜੋਖਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਅਸੰਭਵ ਹੈ। ਹਰੇਕ ਪ੍ਰਕਿਰਿਆ ਤੋਂ ਇਨਫੈਕਸ਼ਨ ਹੋਣ ਦਾ ਥੋੜ੍ਹਾ ਜੋਖਮ ਹੁੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਬਹੁਤੀਆਂ ਪ੍ਰਕਿਰਿਆਵਾਂ, ਖਾਸ ਤੌਰ 'ਤੇ ਸਰਜਰੀ ਦੌਰਾਨ, ਚਮੜੀ ਨੂੰ ਚੀਰਨਗੀਆਂ ਜਾਂ ਇਨਫੈਕਸ਼ਨ ਤੋਂ ਬਚਾਅ ਕਰਨ ਵਾਲੀ ਸਰੀਰ ਦੀ ਹੋਰ ਕੁਦਰਤੀ ਰੱਖਿਆ ਨੂੰ ਘੱਟ ਕਰਣਗੀਆਂ।

ਜੇ ਕੋਈ ਵਿਅਕਤੀ ਪਹਿਲਾਂ ਤੋਂ ਹੀ ਕਿਸੇ ਗੰਭੀਰ ਡਾਕਟਰੀ ਸਮੱਸਿਆ ਤੋਂ ਪੀੜਤ ਹੈ (ਮਿਸਾਲ ਲਈ, ਡਾਇਬਿਟੀਜ਼, ਗੁਰਦੇ ਦਾ ਨਕਾਰਾ ਹੋਣਾ ਜਾਂ ਕੋਈ ਹੋਰ ਲੰਮੇ ਸਮੇਂ ਦੀ ਬਿਮਾਰੀ), ਜਾਂ ਉਹਨਾਂ ਦੀ ਰੋਗਾਂ ਨਾਲ ਮੁਕਾਬਲਾ ਕਰਨ ਵਾਲੀ ਪ੍ਰਣਾਲੀ ਕਿਸੇ ਵੀ ਕਾਰਨ ਕਰਕੇ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਹੀ ਹੈ, ਤਾਂ ਉਹਨਾਂ ਨੂੰ ਸੰਭਾਵੀ ਇਨਫੈਕਸ਼ਨ ਹੋਣ ਦਾ ਵੱਧ ਜੋਖਮ ਹੋਵੇਗਾ।

ਕੋਈ ਵੀ ਸਾਰੀਆਂ HAI's ਨੂੰ ਨਹੀਂ ਰੋਕ ਸਕਦਾ ਹੈ ਪਰ ਕਈ ਤਰੀਕੇ ਹਨ ਜਿਨ੍ਹਾਂ ਰਾਹੀਂ ਅਸੀਂ ਇਨਫੈਕਸ਼ਨ ਦੇ ਜੋਖਮ ਨੂੰ ਘਟਾ ਸਕਦੇ ਹਾਂ।

## NHSGGC ਤੁਹਾਨੂੰ ਅਤੇ ਤੁਹਾਡੇ ਰਿਸ਼ਤੇਦਾਰ ਨੂੰ ਇਨਫੈਕਸ਼ਨ ਹੋਣ ਦੇ ਜੋਖਮ ਨੂੰ ਘਟਾਉਣ ਲਈ ਕੀ ਕਰ ਰਹੀ ਹੈ?

### ਲਾਗ ਨਿਯੰਤ੍ਰਣ ਟੀਮਾਂ

ਹਰੇਕ ਸਿਹਤ-ਸੰਭਾਲ ਸਹੂਲਤ 'ਤੇ ਇਨਫੈਕਸ਼ਨ ਕੰਟ੍ਰੋਲ ਟੀਮ ਹੁੰਦੀ ਹੈ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ HAI ਦੇ ਜੋਖਮ ਨੂੰ ਘਟਾਉਣ ਲਈ ਪ੍ਰਣਾਲੀਆਂ ਸਥਾਪਿਤ ਹੋਣ ਅਤੇ ਮਿਆਰਾਂ ਨੂੰ ਪੂਰਾ ਕੀਤਾ ਜਾਵੇ। ਉਹ ਇਹ ਕੰਮ ਇਸ ਦੁਆਰਾ ਕਰਦੇ ਹਨ:

- ਸਟਾਫ ਨਾਲ ਵਿਹਾਰ ਦੀਆਂ ਚੰਗੀਆਂ ਮਿਸਾਲਾਂ ਨੂੰ ਸਾਂਝਾ ਕਰਕੇ
- ਵਾਰਡਾਂ ਅਤੇ ਵਿਭਾਗਾਂ ਦੀ ਸਫਾਈ ਲਈ ਜਾਂਚ ਕਰਕੇ
- ਸਟਾਫ ਨੂੰ ਪ੍ਰਕਿਰਿਆਵਾਂ, ਵਿਵਸਥਾਵਾਂ ਅਤੇ ਮਿਆਰਾਂ ਬਾਰੇ ਸਿਖਲਾਈ ਦੇ ਕੇ
- ਇਨਫੈਕਸ਼ਨ ਦੇ ਮਾਮਲਿਆਂ ਦੀ ਗਿਣਤੀ ਦੀ ਨਿਗਰਾਨੀ ਕਰਕੇ
- ਮੌਜੂਦਾ ਸਰਕਾਰੀ ਨੀਤੀਆਂ ਅਤੇ ਤਰਜੀਹਾਂ ਨੂੰ ਪ੍ਰਤਿਬਿੰਬਤ ਕਰਨ ਲਈ ਪ੍ਰੋਗਰਾਮ ਤਿਆਰ ਕਰਕੇ।

ਜੇ ਤੁਹਾਨੂੰ HAI ਬਾਰੇ ਕੋਈ ਚਿੰਤਾਵਾਂ ਹਨ ਤਾਂ ਤੁਸੀਂ ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰ ਸਕਦੇ ਹੋ।

NHSGGC ਦੀ ਬੋਰਡ ਇਨਫੈਕਸ਼ਨ ਕੰਟ੍ਰੋਲ ਕਮੇਟੀ ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮਾਂ ਦੇ ਕੰਮ ਦਾ ਪ੍ਰਬੰਧਨ ਕਰਦੀ ਹੈ।

### ਸਾਰਾ ਸਟਾਫ

ਸਾਰਾ ਸਟਾਫ HAI ਦੀ ਰੋਕਥਾਮ ਅਤੇ ਨਿਯੰਤ੍ਰਣ ਲਈ ਵਚਨਬੱਧ ਹੈ। ਉਹ ਇਹ ਯਕੀਨੀ ਬਣਾਉਣ ਲਈ ਕਿ ਇਨਫੈਕਸ਼ਨ ਦੇ ਜੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਸਾਰੇ ਉਪਲਬਧ ਵਸੀਲਿਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ, ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮਾਂ ਨਾਲ ਨੇੜੇ ਹੋ ਕੇ ਕੰਮ ਕਰਦੇ ਹਨ।

### ਨਵੇਂ ਸਟਾਫ ਨੂੰ ਸੂਚਿਤ ਕਰਨਾ

ਨਵਾਂ ਸਟਾਫ ਭਰਤੀ ਪ੍ਰੋਗਰਾਮ ਵਿੱਚ ਭਾਗ ਲੈਂਦਾ ਹੈ ਜੋ ਇਨਫੈਕਸ਼ਨ ਦੀ ਰੋਕਥਾਮ ਜਾਂ ਨਿਯੰਤ੍ਰਣ ਲਈ ਮਹੱਤਵਪੂਰਨ ਸਾਰੇ ਮੁੱਖ ਤੱਤਾਂ 'ਤੇ ਜ਼ੋਰ ਦਿੰਦਾ ਹੈ, ਮਿਸਾਲ ਲਈ ਹੱਥਾਂ ਦੀ ਸਫਾਈ।

### ਹੱਥਾਂ ਦੀ ਸਫਾਈ

ਅਸੀਂ ਮੁਲਾਕਾਤੀਆਂ ਅਤੇ ਸਟਾਫ ਨੂੰ ਵਾਰਡ ਵਿੱਚ ਦਾਖਲ ਹੋਣ ਅਤੇ ਬਾਹਰ ਆਉਣ ਵੇਲੇ ਆਪਣੇ ਹੱਥਾਂ ਨੂੰ ਸਾਫ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਸਟਾਫ ਨੂੰ ਲਾਜ਼ਮੀ ਤੌਰ 'ਤੇ ਪੰਜ ਅਹਿਮ ਮੌਕਿਆਂ 'ਤੇ ਹੱਥਾਂ ਦੀ ਸਫਾਈ ਦੀਆਂ ਪ੍ਰਕਿਰਿਆਵਾਂ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ:

- ਕਿਸੇ ਮਰੀਜ਼ ਨੂੰ ਛੂਹਣ ਤੋਂ ਪਹਿਲਾਂ
- ਕਿਸੇ ਵੀ ਪ੍ਰਕਿਰਿਆਵਾਂ ਤੋਂ ਪਹਿਲਾਂ
- ਜੇ ਉਹ ਖੂਨ ਜਾਂ ਸਰੀਰਕ ਤਰਲਾਂ ਨੂੰ ਛੂਹੰਦੇ ਹਨ
- ਜਦੋਂ ਉਹ ਮਰੀਜ਼ ਕੋਲੋਂ ਜਾਂਦੇ ਹਨ
- ਮਰੀਜ਼ ਦੇ ਆਸ-ਪਾਸ ਵਾਲੇ ਖੇਤਰ ਨਾਲ ਸੰਪਰਕ ਤੋਂ ਬਾਅਦ

ਇੱਕ ਨਿਰੰਤਰ ਨੈਸ਼ਨਲ ਹੈਂਡ ਹਾਈਜੀਨ ਕੰਪੈਨ (ਹੱਥਾਂ ਦੀ ਸਫਾਈ ਲਈ ਰਾਸ਼ਟਰੀ ਮੁਹਿੰਮ) ਹੈ ਅਤੇ NHSGGC ਅਕਸਰ ਹੱਥਾਂ ਦੀ ਸਫਾਈ ਬਾਰੇ ਜਾਂਚਾਂ ਕਰਦੀ ਹੈ।

### ਸਫਾਈ ਸੇਵਾਵਾਂ

ਕਲੀਨਿੰਗ ਸਰਵਿਸਿਜ਼ ਮੈਨੇਜਰ, ਇਨਫੈਕਸ਼ਨ ਕੰਟ੍ਰੋਲ ਟੀਮਾਂ ਅਤੇ ਆਮ ਲੋਕ ਸਾਡੀ ਸਫਾਈ ਦੇ ਮਿਆਰਾਂ ਦੀ ਨਿਯਮਿਤ ਰੂਪ ਵਿੱਚ ਸਮੀਖਿਆ ਕਰਦੇ ਹਨ। NHSGGC ਨੇ ਨੈਸ਼ਨਲ ਕਲੀਨਿੰਗ ਸਰਵਿਸਿਜ਼ ਮੋਨਿਟਰਿੰਗ ਫ੍ਰੇਮਵਰਕ (ਰਾਸ਼ਟਰੀ ਸਫਾਈ ਸੇਵਾਵਾਂ ਲਈ ਨਿਗਰਾਨ ਢਾਂਚਾ) ਲਾਗੂ ਕੀਤਾ ਹੈ।

### ਸਫਾਈ ਚੈਂਪੀਅਨ

ਸਟਾਫ ਦੇ ਬਹੁਤ ਜ਼ਿਆਦਾ ਪ੍ਰਤਿਸ਼ਤ ਨੇ ਸਫਾਈ ਚੈਂਪੀਅਨ ਬਣਨ ਲਈ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲਿਆ ਹੈ। ਇਹ ਸਿਖਲਾਈ ਪ੍ਰੋਗਰਾਮ ਉਹਨਾਂ ਨੂੰ ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ ਦੀਆਂ ਵਿਧੀਆਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ। ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮਾਂ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਟਾਫ ਦੀ ਸਹਾਇਤਾ ਕਰਦੀਆਂ ਹਨ।

### ਸਿੱਖਿਆ

ਸਾਡੇ ਕੋਲ ਵੱਖ-ਵੱਖ ਤਰ੍ਹਾਂ ਦੇ ਸਟਾਫ ਸਿੱਖਿਆ ਪ੍ਰੋਗਰਾਮ ਹਨ, ਜਿਨ੍ਹਾਂ ਵਿੱਚ ਲਾਜ਼ਮੀ ਕੋਰਸ ਵੀ ਸ਼ਾਮਲ ਹਨ। ਇਸ ਤੋਂ ਸਟਾਫ ਨੂੰ ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ ਹੁਨਰ ਵਿਕਸਿਤ ਕਰਨ ਵਿੱਚ ਮਦਦ ਮਿਲਦੀ ਹੈ। ਸਾਡੇ ਕੋਲ ਔਨਲਾਈਨ ਸਿਖਲਾਈ ਵੀ ਹੈ ਜੋ NHSGGC ਵਿੱਚ ਸਾਰੇ ਸਟਾਫ ਲਈ ਉਪਲਬਧ ਹੈ।

## ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ

### ਨੀਤੀਆਂ

NHSGGC ਦੀ ਇੱਕ ਜਾਣਕਾਰੀ-ਪੁਸਤਿਕਾ ਹੈ ਜੋ ਇਨਫੈਕਸ਼ਨ ਰੋਕਥਾਮ ਅਤੇ ਨਿਯੰਤ੍ਰਣ ਵਿੱਚ ਨਵੇਂ, ਸਾਬਤ ਹੋ ਚੁੱਕੇ ਬਿਹਤਰੀਨ ਵਿਹਾਰਾਂ ਬਾਰੇ ਦੱਸਦੀ ਹੈ। ਇਹ ਸਾਰੇ ਸਿਹਤ-ਸੰਭਾਲ ਸਟਾਫ ਲਈ ਉਪਲਬਧ ਹੈ।

## ਸਾਡਾ ਵਾਅਦਾ

NHS ਸਟਾਫ ਤੁਹਾਡੀ ਤੰਦਰੁਸਤੀ ਲਈ ਸਮਰਪਿਤ ਹੈ। ਉਹ ਜਾਣਦੇ ਹਨ ਕਿ ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ ਉਹਨਾਂ ਦੀ ਜ਼ਿੰਮੇਵਾਰੀ ਹੈ।

ਸਿਹਤ-ਸੰਭਾਲ ਅਦਾਰਿਆਂ ਵਿੱਚ ਤੁਸੀਂ ਸਾਫ ਵਾਰਡ ਜਾਂ ਵਿਭਾਗ ਅਤੇ ਸਟਾਫ ਦੁਆਰਾ ਨਿਯਮਿਤ ਰੂਪ ਵਿੱਚ ਹੱਥਾਂ ਦੀ ਸਫਾਈ ਦੇਖਣ ਦੀ ਆਸ ਕਰ ਸਕਦੇ ਹੋ।

## ਤੁਸੀਂ ਕੀ ਕਰ ਸਕਦੇ ਹੋ?

ਜੇ ਤੁਸੀਂ ਸਿਹਤ-ਸੰਭਾਲ ਵਾਲੀ ਥਾਂ 'ਤੇ ਕਿਸੇ ਨੂੰ ਮਿਲਣ ਲਈ ਜਾਣਾ ਹੈ ਅਤੇ ਤੁਹਾਨੂੰ ਜਾਂ ਘਰ ਵਿੱਚ ਕਿਸੇ ਨੂੰ ਜ਼ੁਕਾਮ ਹੈ ਜਾਂ ਤੰਦਰੁਸਤ ਮਹਿਸੂਸ ਨਹੀਂ ਕਰ ਰਿਹਾ ਹੈ (ਖਾਸ ਤੌਰ 'ਤੇ ਜੇ ਦਸਤ ਲੱਗੇ ਹਨ), ਤਾਂ ਜਦੋਂ ਤਕ ਤੁਸੀਂ ਠੀਕ ਨਹੀਂ ਹੁੰਦੇ ਇਸ ਤੋਂ ਦੂਰ ਹੀ ਰਹੋ।

ਮੁਲਾਕਾਤ ਲਈ ਜਾਣ ਸਮੇਂ, ਤੁਸੀਂ ਜੋ ਕਰਦੇ ਹੋ ਉਸ ਬਾਰੇ ਸਾਵਧਾਨ ਰਹੋ - ਬਿਸਤਰ 'ਤੇ ਨਾ ਬੈਠੋ ਅਤੇ ਇੱਕ ਸਮੇਂ 'ਤੇ ਮੁਲਾਕਾਤੀਆਂ ਦੀ ਗਿਣਤੀ ਘੱਟ ਤੋਂ ਘੱਟ ਰੱਖੋ।

ਮੁਲਾਕਾਤੀ ਦੇ ਤੌਰ 'ਤੇ, ਤੁਸੀਂ ਜੋ ਸਭ ਤੋਂ ਮਹੱਤਵਪੂਰਨ ਕੰਮ ਕਰ ਸਕਦੇ ਹੋ ਉਹ ਇਹ ਯਕੀਨੀ ਬਣਾਉਣਾ ਹੈ ਕਿ ਵਾਰਡ ਵਿੱਚ ਜਾਣ ਤੋਂ ਪਹਿਲਾਂ ਤੁਹਾਡੇ ਹੱਥ ਸਾਫ ਹੋਣ। ਵਾਰਡ ਦੇ ਦਰਵਾਜ਼ੇ 'ਤੇ ਜਾਂ ਬਿਸਤਰ ਕੋਲ ਮੁਹੱਈਆ ਕੀਤੀ ਜਾਂਦੀ ਅਲਕੋਹਲ ਅਧਾਰਤ ਹੱਥਾਂ ਦੀ ਜੈਲ ਦੀ ਵਰਤੋਂ ਕਰੋ।

ਕਦੇ ਵੀ ਪੱਟੀਆਂ, ਡ੍ਰਿਪ ਜਾਂ ਬੈਡ ਦੁਆਲੇ ਕਿਸੇ ਵੀ ਉਪਕਰਣ ਨੂੰ ਨਾ ਛੂਹੋ।

ਜੇ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਕਦੇ ਵੀ ਸਟਾਫ ਕੋਲ ਉਹਨਾਂ ਨੂੰ ਉਠਾਉਣ ਤੋਂ ਨਾ ਡਰੋ।

ਗਾਈਡ ਡੌਗਸ (ਮਾਰਗ-ਦਰਸ਼ਨ ਕਰਨ ਵਾਲੇ ਕੁੱਤੇ) ਮੁਲਾਕਾਤੀਆਂ ਨਾਲ ਸਾਡੇ ਕਲੀਨਿਕ ਖੇਤਰਾਂ ਤਕ ਆ ਸਕਦੇ ਹਨ ਪਰ ਕਿਸੇ ਵੀ ਹੋਰ ਜਾਨਵਰ ਨੂੰ ਉਦੋਂ ਤਕ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਜਦੋਂ ਤਕ ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮ ਦੁਆਰਾ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।

ਮਦਦ ਕਰਨ ਲਈ ਤੁਹਾਡਾ ਧੰਨਵਾਦ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਹੈਲਥ ਪ੍ਰੋਟੈਕਸ਼ਨ ਸਕੌਟਲੈਂਡ
www.hps.scot.nhs.uk

ਹੈਲਥ ਪ੍ਰੋਟੈਕਸ਼ਨ ਏਜੰਸੀ
www.hpa.org.uk

NHS ਇਨਫਾਰਮ
www.nhsinform.co.uk

NHS ਗ੍ਰੇਟਰ ਗਲਾਸਗੋ ਅਤੇ ਕਲਾਈਡ
www.nhsggc.org.uk/infectioncontrol

ਤੁਸੀਂ ਸਥਾਨਕ ਇਨਫੈਕਸ਼ਨ ਕੰਟ੍ਰੋਲ ਟੀਮ ਨਾਲ ਸੰਪਰਕ ਕਰਕੇ ਸਲਾਹ ਲੈ ਸਕਦੇ ਹੋ। ਹੇਠਾਂ ਦਿੱਤੀ ਵੈਬਸਾਈਟ ਤੋਂ ਦੂਜੀਆਂ ਭਾਸ਼ਾਵਾਂ ਵਿੱਚ ਅਤੇ ਵੱਡੇ ਅੱਖਰਾਂ ਵਿੱਚ ਛਪਾਈ ਵਾਲੇ ਸੰਸਕਰਣ ਵਿੱਚ ਕਿਤਾਬਚੇ ਮਿਲ ਸਕਦੇ ਹਨ:
www.nhsggc.org.uk/infectioncontrol

NHS ਗ੍ਰੇਟਰ ਗਲਾਸਗੋ ਅਤੇ ਕਲਾਈਡ
ਸੀਨੀਅਰ ਇਨਫੈਕਸ਼ਨ ਕੰਟ੍ਰੋਲ ਮੈਨੇਜਮੈਂਟ ਟੀਮ:
0141 211 2526

Review Date:  July 2017